Gandhian peril early 1943

੧ ੳ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

# ਅਜ਼ਾਦ ਪੰਜਾਬ ਜ਼ਿੰਦਾਬਾਦ !

## ਸ੍ਰ: ਸੰਤੋਖ ਸਿੰਘ ਜੀ ਐਮ. ਐਲ. ਏ. ਦਾ

# ਸਵਾਗਤੀ ਐਡਰੈਸ

(1943) ਜੋ

ਆਪ ਨੇ ੨੮ ਫਰਵਰੀ ਨੂੰ ਆਜ਼ਾਦ ਪੰਜਾਬ ਅਕਾਲੀ ਕਾਨਫ੍ਰੰਸ ਅੰਮ੍ਰਿਤਸਰ ਦੀ ਸਵਾਗਤ ਕਮੇਟੀ ਦੇ ਪ੍ਰਧਾਨ ਦੀ ਹਸੀਅਤ ਵਿਚ ਪੜ੍ਹਿਆ।


–+ ਪ੍ਰਕਾਸ਼ਕ +–

**ਸ੍ਰ: ਦਲੀਪ ਸਿੰਘ ਦਵਾਬੀਆ**

ਜਨਰਲ ਸਕੱਤ੍ਰ ਸਵਾਗਤ ਕਮੇਟੀ ਆਜ਼ਾਦ ਪੰਜਾਬ

ਅਕਾਲੀ ਕਾਨਫ੍ਰੰਸ ਅੰਮ੍ਰਿਤਸਰ


Digitized by Panjab Digital Library | www.panjabdigilib.org

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਮਾਨਯੋਗ ਪ੍ਰਧਾਨ ਜੀ ਭੈਣੋ ਤੇ ਭਾਈਓ,

ਮੈਂ ਸਭ ਤੋਂ ਪਹਿਲਾਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਆਪ ਇਸ ਕਾਨਫਰੰਸ ਵਿਚ ਦਰਸ਼ਨ ਦੇਕੇ ਕਾਨਫਰੰਸ ਦੀ ਰੌਣਕ ਨੂੰ ਤੇ ਸਾਡੇ ਹੌਸਲੇ ਵਧਾ ਰਹੇ ਹੋ।

ਅਸੀਂ ਅਜ ਉਸ ਵਕਤ ਇਥੇ ਇਕੱਠੇ ਹੋਏ ਹਾਂ ਜਦੋਂ ਕਿ ਸਾਰੀ ਦੁਨੀਆਂ ਵਿਚ ਹੀ ਹਲਚਲੀ ਮਚੀ ਹੋਈ ਹੈ ਅਰ ਇਹ ਭਿਆਨਕ ਜੰਗ ਦੁਨੀਆਂ ਦੇ ਹਰ ਕੋਨੇ ਵਿਚ ਲੜਿਆ ਜਾ ਰਿਹਾ ਹੈ ਪ੍ਰੰਤੂ ਇਹ ਗਲ ਸਪਸ਼ਟ ਨਜ਼ਰ ਆ ਰਹੀ ਹੈ ਕਿ ਇਸ ਨਾਜ਼ਕ ਸਮੇਂ ਉਹੋ ਹੀ ਕੌਮਾਂ ਬਚ ਕੇ ਨਿਕਲ ਸਕਣਗੀਆਂ ਜਿਨ੍ਹਾਂ ਵਿਚ ਆਪਸ ਵਿਚਲੇ ਛੋਟੇ ਛੋਟੇ ਭਿੰਨ ਭੇਦ ਮਿਟਾਕੇ ਕੌਮ ਤੇ ਦੇਸ਼ ਦੇ ਸਾਂਝੇ ਭਲੇ ਲਈ ਮਿਲ ਬੈਠਣ ਦੀ ਤਾਕਤ ਹੋਵੇਗੀ। ਆਪਸ ਵਿਚ ਹੀ ਲੜ ਰਹੀ ਕੌਮ ਲਈ ਸ਼ਾਇਦ ਹੀ ਇਸ ਤਬਾਹੀ ਤੋਂ ਬਚ ਨਿਕਲਣ ਦੀ ਕੋਈ ਆਸ ਹੋ ਸਕਦੀ ਹੈ।

ਬਾਕੀ ਦੁਨੀਆਂ ਦੇ ਨ ਲ ਹੀ ਹਿੰਦੁਸਤਾਨ ਵੀ ਇਕ ਨਾਜ਼ਕ ੈਰ ਤੋਂ ਲੰਘ ਰਿਹਾ ਹੈ। ਮਹਾਤਮਾ ਗਾਂਧੀ ਜੀ ਦੇ ਵਰਤ ਨਾਲ ਸਾਰੇ ਿਦੁਸਤਾਨ ਦੇ ਹਰ ਇਕ ਤਬਕੇ ਤੇ ਖਿਆਲਾਂ ਦੇ ਆਦਮੀਆਂ ਵਿਚ

Digitized by Panjab Digital Library | www.panjabdigilib.org

ਕਾਫੀ ਤਸ਼ਵੀਸ਼ ਫੈਲੀ ਹੋਈ ਹੈ। ਉਨ੍ਹਾਂ ਦੇ ਪ੍ਰੋਗਰਾਮ ਨਾਲ ਤਾਂ ਕਿਸੇ ਨੂੰ ਕੋਈ ਇਖਤਲਾਫ ਹੋ ਸਕਦਾ ਹੈ ਪ੍ਰੰਤੂ ਉਹਨਾਂ ਦੀ ਸ਼ਖਸੀਅਤ ਇਤਨੀ ਉਚੀ ਹੈ ਕਿ ਮੌਜੂਦਾ ਜ਼ਮਾਨੇ ਵਿਚ ਜ਼ਿੰਦਾ ਹਸਤੀਆਂ ਵਿਚੋਂ ਸਾਰੀ ਦੁਨੀਆਂ ਵਿਚ ਹੀ ਉਹਨਾਂ ਦੇ ਪਾਏ ਦਾ ਚੰਗਾ ਆਦਮੀ ਮਿਲਣਾ ਮੁਸ਼ਕਲ ਹੈ। ਇਹ ਸਤਰਾਂ ਲਿਖੇ ਜਾਣ ਸਮੇਂ ਤਕ ਗਾਂਧੀ ਜੀ ਦੀ ਸੇਹਤ ਬਾਰੇ ਜੋ ਖਬਰਾਂ ਪੁਜ ਰਹੀਆਂ ਹਨ ਉਹਨਾਂ ਤੋਂ ਲੋਕਾਂ ਦੇ ਦਿਲਾਂ ਵਿਚ ਤਸ਼ਵੀਸ਼ ਹੋਰ ਵੀ ਵਧ ਰਹੀ ਹੈ। ਪ੍ਰਮਾਤਮਾ ਗਾਂਧੀ ਜੀ ਵਰਗੀ ਉਚ ਹਸਤੀ ਨੂੰ ਵਧ ਤੋਂ ਵਧ ਉਮਰ ਬਖਸ਼ੇ ਤਾਕਿ ਉਹ ਹਿੰਦੁਸਤਾਨ ਦੀ ਠੀਕ ਰਹਿਨਮਾਈ ਕਰਕੇ ਦੇਸ਼ ਨੂੰ ਆਜ਼ਾਦ ਕਰਾ ਸਕਣ।

ਸਾਡੇ ਦੇਸ਼ ਦੀ ਇਹ ਬਦਕਿਸਮਤੀ ਹੈ ਕਿ ਇਸ ਵਿਚ ਬਾਵਜੂਦ ਕਾਫੀ ਕੋਸ਼ਸ਼ ਦੇ ਇਤਹਾਦ ਨਹੀਂ ਹੋ ਸਕਿਆ। ਇਸ ਇਤਹਾਦ ਦੇ ਰਾਹ ਵਿਚ ਸਭ ਤੋਂ ਵਡਾ ਰੋੜਾ ਮੁਸਲਮ ਲੀਗ ਵਲੋਂ ਕੀਤੀ ਜਾ ਰਹੀ ਪਾਕਿਸਤਾਨ ਦੀ ਮੰਗ ਦਾ ਹੈ। ਅੰਗਰੇਜ਼ ਦੀ ਵੀ ਇਹੋ ਹੀ ਖਾਹਿਸ਼ ਜਾਪਦੀ ਹੈ ਕਿ ਨਾ ਤਾਂ ਹਿੰਦੁਸਦਾਨ ਦਾ ਆਪਸ ਵਿਚ ਕੋਈ ਇਤਫਾਕ ਹੋਵੇ ਤੇ ਨਾ ਹੀ ਅੰਗਰੇਜ਼ਾਂ ਨੂੰ ਆਪਣੇ ਹਥੋਂ ਕੋਈ ਤਾਕਤ ਛਡਣੀ ਪਵੇ। ਇਨ੍ਹਾਂ ਹਾਲਾਤ ਨੇ ਹੀ ਦੇਸ਼ ਵਿਚ ਇਕ ਵਡਾ ਰਾਜਸੀ ਅੜਿਕਾ ਪਾ ਛਡਿਆ ਹੋਇਆ ਹੈ। ਇਸ ਅੜਿਕੇ ਨੂੰ ਦੂਰ ਕਰਨ ਲਈ ਕੌਮੀ ਆਜ਼ਾਦੀ ਦੇ ਚਾਹਵਾਨਾਂ ਵਲੋਂ ਕਈ ਯਤਨ ਹੋ ਰਹੇ ਹਨ। ਕਈ ਤਾਂ ਪਾਕਸਤਾਨ ਨੂੰ ਵੀ ਮੰਨਦੇ ਨਜ਼ਰ ਆਵਣ ਲਗ ਪਏ ਹਨ-ਮਗਰ ਦੂਸਰੇ ਜਿਨਾਂ ਦੀ ਬਹੁ ਗਿਣਤੀ ਹੈ, ਏਸ ਦੀ

Digitized by Panjab Digital Library | www.panjabdigilib.org

ਵਿਰੋਧਤਾ ਕਰ ਰਹੇ ਹਨ। ਹੋਰ ਕੋਈ ਜਮਾਤ ਜਾਂ ਲੀਡਰ ਤਾਂ ਪਾਕਿ-ਸਤਾਨ ਨੂੰ ਮੰਨ ਲਵੇ ਤਾਂ ਮਨ ਲਵੇ ਪ੍ਰੰਤੂ ਸਿੱਖ ਇਸ ਨੂੰ ਕਿਸੇ ਸ਼ਕਲ ਵਿਚ ਵੀ ਮੰਨਣ ਲਈ ਤਿਆਰ ਨਹੀਂ ਹੋਣਗੇ ਕਿਉਂਕਿ ਸਿਖ ਹਾਲਾਂ ਪਿਛਲੇ ਇਤਹਾਸ ਨੂੰ ਭੁਲੇ ਨਹੀਂ ਤੇ ਉਨ੍ਹਾਂ ਨੂੰ ਮੁਸਲਮਾਨੀ ਰਾਜ ਦਾ ਬੜਾ ਕੜਵਾ ਤਜਰਬਾ ਹੈ। ਸਿੱਖ ਅੰਗ੍ਰੇਜ਼ਾਂ ਦੀ ਗ਼ੁਲਾਮੀ ਤੋਂ ਨਿਕਲਕੇ ਮੁਸਲਮਾਨਾਂ ਦੀ ਗੁਲਾਮੀ ਵਿਚ ਪੈਣ ਲਈ ਤਿਆਰ ਨਹੀਂ। ਸਿਖ ਸ਼ੁਰੂ ਤੋਂ ਹੀ ਹਿੰਦੁਸਤਾਨ ਦੀ ਏਕਤਾ ਦੇ ਚਾਹਵਾਨ ਰਹੇ ਹਨ ਤੇ ਉਹ ਨ ਕਿਸੇ ਫ਼ਿਰਕੇ ਤੇ ਰਾਜ ਕਰਨਾ ਚਾਹੁੰਦੇ ਹਨ ਤੇ ਨਾ ਹੀ ਇਹ ਚਾਹੁੰਦੇ ਹਨ ਕਿ ਉਹ ਹਮੇਸ਼ਾਂ ਲਈ ਕਿਸੇ ਹੋਰ ਫ਼ਿਰਕੇ ਦੇ ਮਾਤਹਿਤ ਕਰ ਦਿਤੇ ਜਾਣ।

ਇਸ ਵਕਤ ਹਿੰਦੁਸਤਾਨ ਵਿਚ ਕੁਲ ੧੧ ਸੂਬੇ ਹਨ ਜਿਨ੍ਹਾਂ ਵਿਚੋਂ ੭ ਸੂਬਿਆਂ ਵਿਚ ਹਿੰਦੂਆਂ ਦੀ ਬਹੁਗਿਣਤੀ ਹੈ ਤੇ ੪ ਸੂਬਿਆਂ ਵਿਚ ਮੁਸਲਮਾਨ ਬਹੁਸੰਮਤੀ ਵਿਚ ਹਨ। ਪੰਜਾਬ ਜਿਥੇ ਕਿ ਅੰਗ੍ਰੇਜ਼ਾਂ ਤੋਂ ਪਹਿਲੇ ਸਿਖਾਂ ਦੀ ਹਕੂਮਤ ਸੀ ਅਤੇ ਜਿਸ ਥਾਂ ਦੀ ਚੱਪਾ ਚੱਪਾ ਜ਼ਮੀਨ ਸਿਖਾਂ ਦੇ ਸ਼ਹੀਦੀ ਖ਼ੂਨ ਨਾਲ ਪਵਿਤ੍ਰ ਹੋਈ ੨ ਹੈ ਉਹ ਸਾਰਾ ਹੀ ਇਸ ਸਮੇਂ ਮੁਸਲਮ ਬਹੁਗਿਣਤੀ ਦੇ ਗ਼ਲਬੇ ਹੇਠ ਸੂਬਾਈ ਪਾਕਿ-ਸਤਾਨ ਬਣਿਆ ਹੋਇਆ ਹੈ। ਸਿਖਾਂ ਲਈ ਕਿਧਰੇ ਵੀ ਜਾਇਜ਼ ਤਰੀਕੇ ਨਾਲ ਰਾਜਸੀ ਤਾਕਤ ਹਾਸਲ ਕਰਨ ਲਈ ਥਾਂ ਨਹੀਂ। ਮੌਜੂਦਾ ਪੰਚੈਤੀ ਰਾਜ ਦੇ ਅਸੂਲਾਂ ਕਰਕੇ ਅਤੇ ਮੁਸਲਮਾਨਾਂ ਨਾਲ ਅੰਗ੍ਰੇਜ਼ਾਂ ਵਲੋਂ ਖ਼ਾਸ ਤੌਰ ਤੇ ਕੀਤੀ ਜਾ ਰਹੀ ਹਮੈਤ ਕਰਕੇ ਅਸੀਂ ਸਾਰੇ ਪੰਜਾਬ ਨੂੰ ਤ

Digitized by Panjab Digital Library | www.panjabdigilib.org

ਮੁਸਲਮਾਨੀ ਹਕੂਮਤ ਤੋਂ ਛੁੜਾ ਨਹੀਂ ਸਕਦੇ ਪ੍ਰੰਤੂ ਸਿਖ ਆਗੂਆਂ ਵਲੋਂ ਪਾਕਿਸਤਾਨ ਨੂੰ ਰੋਕਣ ਤੇ ਪੰਜਾਬ ਦੇ ਵਧ ਤੋਂ ਵਧ ਹਿੱਸੇ ਨੂੰ ਮੁਸਲਮ ਬਹੁ ਗਿਣਤੀ ਦੇ ਰਾਜ ਤੋਂ ਕਢਕੇ ਇਕ ਅਜੇਹਾ ਸੂਬਾ ਬਨਾਉਣ ਲਈ ਜਿਸ ਵਿਚ ਕਿ ਸਿਖ ਵੀ ਰਾਜਸੀ ਤਾਕਤ ਹਾਸਲ ਕਰ ਸਕਣ "ਆਜ਼ਾਦ ਪੰਜਾਬ" ਦੀ ਸਕੀਮ ਸਾਡੇ ਸਾਮਣੇ ਪੇਸ਼ ਕੀਤੀ ਗਈ ਹੈ।

ਇਹ ਸਕੀਮ ਕੋਈ ਨਵੀਂ ਨਹੀਂ। ਇਸੇ ਤਜਵੀਜ਼ ਨੂੰ ਬਾਕੀ ਮੰਗਾਂ ਦੇ ਨਾਲ ਹੀ ਸਿਖਾਂ ਦੇ ਸਾਰੇ ਮੁਖੀ ਧੜੇ ੧੯੩੧ ਵਿਚ ਗਾਂਧੀ ਜੀ ਅਗੇ, ਗੋਲਮੇਜ਼ ਕਾਨਫ੍ਰੰਸ ਤੇ ਅਤੇ ਲਾਰਡ ਵਲਿੰਗਟਨ ਦੇ ਸਾਹਮਣੇ ਵੀ ਰਖ ਚੁਕੇ ਹਨ। ਸਾਰੇ ਹਿੰਦੁਸਤਾਨ ਵਿਚ ਹੀ 'ਆਜ਼ਾਦ ਪੰਜਾਬ' ਇਕ ਆਦਰਸ਼ਕ ਸੂਬਾ ਹੋਵੇਗਾ ਜਿਸ ਵਿਚ ਕਿ ਨਾ ਹਿੰਦੂ ਬਹੁਗਿਣਤੀ ਦਾ ਰਾਜ ਹੋਣਾ ਹੈ ਤੇ ਨ ਮੁਸਲਮ ਬਹੁਸੰਮਤੀ ਦਾ; ਸਗੋਂ ਇਥੇ ਹਿੰਦੂ, ਸਿਖ ਤੇ ਮੁਸਲਮਾਨ ਮਿਲਕੇ ਇਕੱਠਿਆਂ ਹੀ ਰਾਜ ਕਰ ਸਕਣਗੇ। ਇਹੋ ਸੂਬਾ ਹੀ ਸਾਰੇ ਦੇਸ਼ ਵਿਚ ਅਸਲੀ ਕੌਮੀਅਤ ਦੀ ਜੜ੍ਹ ਨੂੰ ਪਕਿਆਂ ਕਰਕੇ ਦੇਸ਼ ਦੀ ਗੁਲਾਮੀ ਨੂੰ ਦੂਰ ਕਰਨ ਦਾ ਕਾਰਨ ਬਣੇਗਾ।

ਆਜ਼ਾਦ ਪੰਜਾਬ ਦੀ ਸਕੀਮ ਬਾਰੇ ਕੋਈ ਕਿਸੇ ਤਰ੍ਹਾਂ ਦਾ ਬੁਨਿਆਦੀ ਅਸੂਲੀ ਨੁਕਸ ਨਹੀਂ, ਆਜ਼ਾਦ ਪੰਜਾਬ ਨੇ ਸੈਂਟਰ ਦੇ ਨਾਲ ਰਹਿਣਾ ਹੈ, ਇਸ ਤੋਂ ਵਖਰਾ ਨਹੀਂ, ਇਸ ਤੋਂ ਪਹਿਲਾਂ ਵੀ ਸੂਬਕ ਹਦਬੰਦੀ ਨੂੰ ਬਦਲਨ ਦੀਆਂ ਕਈ ਇਕ ਤਜਵੀਜ਼ਾਂ ਹੋ ਚੁਕੀਆਂ ਹਨ ਤੇ ਹੁਣ ਵੀ ਹੋ ਰਹੀਆਂ ਹਨ, ਅੰਧਰਾ ਤੇ ਕਾਰਨਾਟਕ

Digitized by Panjab Digital Library | www.panjabdigilib.org

ਨੂੰ ਵਖਰਿਆ ਕਰਨ ਦੀਆਂ ਤਜਵੀਜਾਂ ਕਿਸੇ ਪਾਸੋਂ ਗੁਝੀਆਂ ਛਿਪੀਆਂ ਨਹੀਂ। ਇਹ ਤਜਵੀਜਾਂ ਪ੍ਰਸਿਧ ਦੇਸ ਸੇਵਕਾਂ ਵਲੋਂ ਹੋਈਆਂ ਤੇ ਹੋ ਰਹੀਆਂ ਹਨ। ਕਿਸੇ Reactionary ਜਾਂ ਪਿਛਾਂਹ ਖਿਚੂ ਧੜੇ ਵਲੋਂ ਨਹੀਂ ਹੋਈਆਂ ਫੇਰ ਏਹ ਸਮਝ ਨਹੀਂ ਆਂਵਦੀ ਕਿ ਆਜ਼ਾਦ ਪੰਜਾਬ ਦੀ ਸਕੀਮ ਬਾਬਤ ਏਸ ਕਿਸਮ ਦੇ ਦੂਸ਼ਨ ਲਾਵਨ ਦੀ ਕੋਸ਼ਸ਼ ਕਿਉਂ ਕੀਤੀ ਜਾਵੇ, ਜੇਹੜੀ ਕਿ ਕਈ ਪਾਸਿਆਂ ਤੋਂ ਕਰਨ ਦੇ ਯਤਨ ਹੋ ਰਹੇ ਹਨ। ਏਸ ਮੁਆਮਲੇ ਨੂੰ ਠੰਡੇ ਦਿਲ ਨਾਲ ਵਿਚਾਰ ਕਰਨ ਦੀ ਲੋੜ ਹੈ, ਔਰ ਜੇ ਏਸ ਤਰਾਂ ਸੋਚਿਆ ਜਾਵੇ ਤਾਂ ਇਕੋ ਹੀ ਨਤੀਜੇ ਤੇ ਪਹੁੰਚਦੇ ਹਾਂ ਕਿ ਇਹ ਸਕੀਮ ਹਰਤਰਾਂ ਨਾਲ ਸਿਖ ਹਿੰਦੂ ਹਕਾਂ ਵਾਸਤੇ ਲਾਭਦਾਇਕ ਹੈ।

ਸਿਖ ਪੰਜਾਬ ਦੀ ਨਵੀਂ ਹਦ ਬੰਦੀ ਕਿਉਂ ਚਾਹੁੰਦੇ ਹਨ, ਏਸ ਵਾਸਤੇ ਕਿ ਸਿਖ ਵਰਤਮਾਨ ਫਿਰਕੂ ਗਲਬੇ ਵਿਚ ਆਪਨੇ ਆਪ ਨੂੰ ਮਹਿਫੂਜ਼ ਨਹੀਂ ਸਮਝਦੇ।

ਪਿਛਲੇ ੬ ਸਾਲਾਂ ਦੀ ਮੁਸਲਿਮ ਬਹੁਸੰਮਤੀ ਦੀ ਹਕੂਮਤ ਦੇ ਤਜਰਬੇ ਨ ਸਾਨੂੰ ਦਸ ਦਿਤਾ ਹੈ ਕਿ ਸਿਖ ਏਸ ਹਕੂਮਤ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਫਿਰਕੇਦਾਰੀ ਗਲਬੇ ਨੂੰ ਖਤਮ ਕਰਨ ਦੇ ਵਿਚ ਹੀ ਪੰਜਾਬ ਵਿਚ ਸਿਖਾਂ ਅਤੇ ਹਿੰਦੂਆਂ ਦੀ ਭਲਾਈ ਹੈ।

ਏਸ ਗਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਸਿਕੰਦਰ ਬਲਦੇਵ ਸਿੰਘ ਪੈਕਟ ਉਪਰ ਮੌਜੂਦਾ ਗਵਰਨਮੈਂਟ ਨੇ ਅਮਲ ਨਹੀਂ ਕੀਤਾ, ਏਨਾਂ ਸਾਰੇ ਦੁਖਾਂ ਦਾ ਇਲਾਜ ਪੰਜਾਬ ਦੀ ਨਵੀਂ ਹਦ ਬੰਦੀ ਹੀ ਹੈ, ਏਹ ਸਾਰੀਆਂ ਗਲਾਂ ਏਸ ਵਾਸਤੇ ਹੋ ਰਹੀਆਂ ਹਨ, ਕਿਉਂਕਿ ਹਿੰਦੂ

Digitized by Panjab Digital Library | www.panjabdigilib.org

ਸਿਖਾਂ ਦੀ ਘਟ ਗਿਨਤੀ ਦੀ ਉਕਾ ਹੀ ਪਰਵਾਹ ਨਹੀਂ ਕੀਤੀ ਜਾ ਰਹੀ ਨਵੀਂ ਹਦ ਬੰਦੀ ਨਾਲ ਹਿੰਦੂ ਸਿਖ ਮੁਅਸਰ ਆਵਾਜ ਉਠਾ ਸਕਣਗੇ, ਔਰ ਓਹਨਾਂ ਦੀ ਜ ਇਜ਼ ਮੰਗਾਂ ਨੂੰ ਏਸ ਤਰਾਂ ਠੁਕਰਾਇਆ ਨਹੀਂ ਜਾ ਸਕੇਗਾ। ਆਜ਼ਾਦ ਪੰਜਾਬ ਵਿਚ ਕਿਸੇ ਇਕੇ ਫਿਰਕੇ ਦੀ ਬਹੁਗਿਣਤੀ ਨ ਹਵੇਗੀ, ਔਰ ਏਸ ਤਰਾਂ ਹੋਣ ਨਾਲ ਆਜ਼ਾਦ ਪੰਜਾਬ ਵਿਚ ਵਸਨ ਵਾਲਿਆਂ ਨੂੰ ਲਾਭ ਹੀ ਹੋਵੇਗਾ, ਕੋਈ ਨੁਕਸਾਨ ਨਹੀਂ। ਮੁਸਲਮਾਨ ਭੁਰਾ ਪੰਜਾਬ ਵਿਚ ਦੂਸਰੀ ਘਟ ਸੰਮਤੀ ਵਾਲਿਆਂ ਨੂੰ ਮੁਨਾਸਬ weightage ਦੇਨ ਤੋਂ ਏਸ ਵਾਸਤੇ ਇਨਕਾਰ ਕਰਦੇ ਰਹੇ ਹਨ ਕਿ ਭਾਵੇਂ ਓਹਨਾਂ ਨੂੰ ਆਪ ਦੂਸਰੇ ਸੂਬਿਆਂ ਵਿਚ weightage ਮਿਲਿਆ ਹੋਇਆ ਹੈ। ਅਜੇਹਾ ਹੀ weightage ਪੰਜਾਬ ਵਿਚ ਦੇਸ ਨਾਲ ਔਰ majority ਤੋਂ m nority ਵਿਚ ਆ ਜਾਣਗੇ। ਏਹ ਉਜ਼ਰ ਵੀ ਏਸ ਨਵੀਂ ਹਦ ਬੰਦੀ ਨਾਲ ਮਲੀਆ ਮੇਟ ਹੋ ਜਾਵੇਗਾ।

ਸਿਖਾਂ ਨੇ ਦੇਸ਼ ਸੇਵਾ ਵਿਚ ਕਾਫੀ ਤੋਂ ਜ਼ਿਆਦਾ ਕੁਰਬਾਨੀਆਂ ਕੀਤੀਆਂ ਹਨ ਤੇ ਲੋੜ ਅਨੁਸਾਰ ਅਗੇ ਵਾਸਤੇ ਵੀ ਦੇਸ਼ ਸੇਵਾ ਵਿਚ ਵਧ ਚੜ੍ਹਕੇ ਹਿੱਸਾ ਲੈਣ ਨੂੰ ਹਰ ਵਕਤ ਤਿਆਰ ਹਨ। ਉਹਨਾਂ ਦੀਆਂ ਜਾਇਜ਼ ਮੰਗਾਂ ਨੂੰ ਹਰ ਪਾਸਿਓਂ ਠੁਕਰਾਏ ਜਾਣ ਨਾਲ ਸਿਖਾਂ ਵਿਚ ਇਕ ਖਾਸ ਬੇਚੈਨੀ ਪੈਦਾ ਹੋ ਚੁਕੀ ਹੈ ਅਰ ਜਦ ਸਿਖ ਦੇਖਦੇ ਹਨ ਕਿ ਮੌਜੂਦਾ ਹਕੂਮਤ ਵਲੋਂ ਗੁਰਮੁਖੀ ਤੇ ਝਟਕੇ ਤੇ ਵੀ ਪਾਬੰਦੀਆਂ ਲਗ ਸਕਦੀਆਂ ਹਨ, ਤਦ ਉਹਨਾਂ ਦੀ ਬੇਚੈਨੀ ਦੀ ਹਦ ਹੀ ਨਹੀਂ ਰਹਿੰਦੀ। ਇਸ ਵਾਸਤੇ ਇਹ ਜ਼ਰੂਰੀ ਹੈ ਕਿ ਸਿਖ ਅਜੇਹੀ ਪੋਜ਼ੀਸ਼ਨ ਹਾਸਲ ਕਰਨ

Digitized by Panjab Digital Library | www.panjabdigilib.org

ਕਿ ਜਿਦੇ ਨਾਲ ਕਿਸੇ ਇਕ ਫਿਰਕੇ ਦੀ ਹਕੂਮਤ ਉਹਨਾਂ ਉਪਰ ਨਾ ਰਹੇ। ਉਹ ਕਿਸੇ ਉਪਰ ਹਕੂਮਤ ਕਰਨਾ ਨਹੀਂ ਚਾਹੁੰਦੇ ਬਲਕਿ ਇਹ ਚ ਹੁੰਦੇ ਹਨ ਕਿ ਆਜ਼ਾਦ ਪੰਜਾਬ ਵਿਚ ਹਿੰਦੂ, ਮੁਸਲਮਾਨ ਅਤੇ ਸਿਖਾਂ ਦਾ ਸਾਂਝਾ ਰਾਜ ਹੋਵੇ ਅਤੇ ਸਿਖ ਆਪਣੇ ਗਵਾਂਢੀ ਫਿਰਕਿਆਂ ਨਾਲ ਪਿਆਰ ਤੇ ਮਿਲਵਰਤਨ ਨਾਲ ਰਹਿਣ।

ਆਜ਼ਾਦ ਪੰਜਾਬ ਦੀ ਤਜਵੀਜ਼ ਕਿਤਨੀ ਕੁ ਯੋਗ ਤੇ ਦੇਸ਼ ਦੀ ਆਜ਼ਾਦੀ ਲਈ ਲਾਭਦਾਇਕ ਹੈ ਉਸਦਾ ਅੰਦਾਜ਼ਾ ਇਸੇ ਗਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਦੇਸ਼ ਦੇ ਵਖੋ ਵਖ ਖਿਆਲਾਂ ਦੇ ਕੌਮ ਪ੍ਰਜ ਸਜਣ ਇਸ ਦੇ ਹਕ ਵਿਚ ਆਪਣੀ ਰਾਏ ਪ੍ਰਗਟ ਕਰ ਚੁਕੇ ਹਨ। ਜੇਲ੍ਹਾਂ ਤੋਂ ਬਾਹਰ ਬੈਠੇ ਕੌਮ ਪ੍ਰਜਾਂ ਵਿਚ ਇਸ ਵਕਤ ਦੋ ਖਿਆਲਾਂ ਦੇ ਸਜਣ ਹਨ। ਇਕ ਪਾਕਿਸਤਾਨ ਨੂੰ ਮੰਨ ਲੈਣ ਦੇ ਹਾਮੀ ਹਨ ਜਿਨ੍ਹਾਂ ਦੇ ਲੀਡਰ ਰਾਜਗੋਪਾਲ ਅਚਾਰੀਆ ਸਾਬਕ ਕਾਂਗਰਸੀ ਵਜ਼ੀਰ ਆਜ਼ਮ ਸੂਬਾ ਮਦਰਾਸ ਹਨ ਤੇ ਦੂਜੇ ਪਾਕਿਸਤਾਨ ਦੇ ਸਖਤ ਵਿਰੋਧੀ ਅਖੰਡ ਹਿੰਦੁਸਤਾਨ ਦੇ ਹਾਮੀ ਹਨ ਜਿਨ੍ਹਾਂ ਦੇ ਲੀਡਰ ਮਿ: ਕੇ. ਐਮ. ਮੁਨਸ਼ੀ ਸਾਬਕ ਕਾਂਗਰਸੀ ਵਜ਼ੀਰ ਸੂਬਾ ਬੰਬਈ ਹਨ। ਇਹ ਦੋਵੇਂ ਸਜਣ ਹੀ ਖੁਲੇ ਲਫਜ਼ਾਂ ਵਿਚ ਆਜ਼ਾਦ ਪੰਜਾਬ ਦੀ ਤਜਵੀਜ਼ ਦੀ ਇਕ ਜਾਂ ਦੂਜੀ ਸ਼ਕਲ ਵਿਚ ਹਮਾਇਤ ਕਰ ਚੁਕੇ ਹਨ। ਰਾਜਗੋਪਾਲ ਅਚਾਰੀਆ ਜੀ ਨੇ ਪਿਛੇ ਜਹੇ ਹੀ ਅਖਬਾਰਾਂ ਵਿਚ ਬਿਆਨ ਦਿਤਾ ਸੀ ਕਿ ਜੇ ਪਾਕਿਸਤਾਨ ਮੰਨਿਆ ਵੀ ਗਿਆ ਤਾਂ ਵੀ ਸਿਖਾਂ ਨੂੰ ਬਘਿਆੜਾਂ ਦੇ ਸਾਹਮਣੇ ਨਹੀਂ ਸੁਟਿਆ ਜਾਵੇਗਾ। ਕੇ. ਐਮ. ਮੁਨਸ਼ੀ ਜੀ ਨੇ ਆਪਣੇ

Digitized by Panjab Digital Library | www.panjabdigilib.org

ਅਖ਼ਬਾਰ ਵਿਚ ਸਪਸ਼ਟ ਲਫਜ਼ਾਂ ਵਿਚ ਇਹ ਲਿਖ ਦਿਤਾ ਹੈ ਕਿ ਸਿਖਾਂ ਵਲੋਂ ਕੀਤੀ ਜਾ ਰਹੀ ਮੰਗ ਅਨੁਸਾਰ ਪੰਜਾਬ ਦੀ ਨਵੀ ਹਦਬੰਦੀ ਪਾਕਿਸਤਾਨ ਨੂੰ ਰੋਕਣ ਦਾ ਕਾਰਨ ਹੋਵੇਗੀ। ਕਾਂਗ੍ਰਸ ਨੂੰ ਵੀ ਇਸ ਤਜਵੀਜ਼ ਸੰਬੰਧੀ ਕੋਈ ਇਤਰਾਜ਼ ਨਹੀਂ। ਮੁਖੀ ਹਿੰਦੂ ਸੇਠ ਜ਼ੁਗਲ ਕਿਸ਼ੋਰ ਜੀ ਬਿਰਲਾ ਵੀ ਪਬਲਕ ਤੌਰ ਤੇ ਇਸ ਤਜਵੀਜ਼ ਦੇ ਹਕ ਵਿਚ ਆਪਣੇ ਖਿਆਲ ਪ੍ਰਗਟ ਕਰ ਚੁਕੇ ਹਨ। ਮੇਰਾ ਇਹ ਦਸਣ ਤੋਂ ਭਾਵ ਇਹ ਹੈ ਕਿ ਵਰਤਮਾਨ ਰਾਜਨੀਤੀ ਦੀਆਂ ਗੁੰਝਲਾਂ ਨੂੰ ਚੰਗੀ ਤਰਾਂ ਸਮਝਣ ਵਾਲੇ ਸਜਣ ਇਸ ਸਕੀਮ ਦੇ ਹਕ ਵਿਚ ਹਨ ਉਹ ਸਮਝਦੇ ਹਨ ਕਿ ਹਿੰਦੁਸਤਾਨ ਦੇ ਮੌਜੂਦਾ ਸਿਆਸੀ ਅੜਿਕੇ ਨੂੰ ਦੂਰ ਕਰਨ ਲਈ ਇਹ ਤਜਵੀਜ਼ ਬਹੁਤ ਜ਼ਿਆਦਾ ਲਾਭਦਾਇਕ ਸਾਬਤ ਹੋਵੇਗੀ। ਪ੍ਰੰਤੂ ਇਥੇ ਇਹ ਗਲ ਮੈਨੂੰ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਇਸ ਤਜਵੀਜ਼ ਨੂੰ ਅਸੀਂ ਚੰਗੀ ਤਰਾਂ ਆਮ ਜਨਤਾ ਤਕ ਪਹੁੰਚਾਉਣ ਵਿਚ ਹਾਲਾਂ ਕਾਮਯਾਬ ਨਹੀਂ ਹੋਏ। ਕਈ ਕੁ ਪਾਸਿਆਂ ਤੋਂ ਇਸ ਬਾਰੇ ਬਹੁਤ ਜ਼ਿਆਦਾ ਗ਼ਲਤ ਫਹਿਮੀ ਫੈਲਾਈ ਜਾ ਚੁਕੀ ਹੈ। ਸੋ ਕੌਮ ਦੇ ਨੌਜਵਾਨਾਂ ਅਤੇ ਦੇਸ਼ ਤੇ ਸਿਖ ਕੌਮ ਦਾ ਭਲਾ ਚਾਹੁਣ ਵਾਲੇ ਸਜਣਾਂ ਨੂੰ ਚਾਹੀਦਾ ਹੈ ਕਿ ਉਹ ਇਸ ਤਜਵੀਜ਼ ਦਾ ਆਪੋ ਆਪਣੀ ਥਾਂ ਵਧ ਤੋਂ ਵਧ ਪ੍ਰਚਾਰ ਕਰਨ। ਇਹ ਤਜਵੀਜ਼ ਪੰਜਾਬ ਦੇ ਹਿੰਦੂਆਂ ਲਈ ਵੀ ਕਾਫੀ ਲਾਭਦਾਇਕ ਹੈ।

ਆਜ਼ਾਦ ਪੰਜਾਬ ਦੀ ਹਦਬੰਦੀ ਨਾਲ ਜੋ ਇਲਾਕੇ ਪੰਜਾਬ ਤੋਂ ਵਖ ਕੀਤੇ ਜਾਣਗੇ, ਉਹਨਾਂ ਵਿਚ ਜੋ ਅਸੈਂਬਲੀ ਬਣੇਗੀ ਉਥੇ ਸਿਖਾਂ

Digitized by Panjab Digital Library | www.panjabdigilib.org

ਤੇ ਹਿੰਦੂਆਂ ਦੀ ਪੋਜ਼ੀਸ਼ਨ ਦਾ ਜਿਥੋਂ ਤਕ ਸੰਬੰਧ ਹੈ ਮੈਂ ਤਾਂ ਸਮਝਦਾ ਹਾਂ ਕਿ ਉਥੇ ਹੁਣ ਨਾਲੋਂ ਇਨ੍ਹਾਂ ਦੀ ਪੋਜ਼ੀਸ਼ਨ ਕੁਝ ਚੰਗੀ ਹੀ ਰਹੇਗੀ। ਇਕ ਤੁੰਾਂ ਸੀ. ਪੀ. ਤੇ ਮਦਰਾਸ ਆਦਿ ਸੂਬਿਆਂ ਵਿਚ ਜਿਸ ਤਰਾਂ ਮੁਸਲਮਾਨਾਂ ਨੂੰ ਆਪਣੀ ਗਿਣਤੀ ਨਾਲੋਂ ਵਾਧੂ ਹਕ ਮਿਲੇ ਹੋਏ ਹਨ, ਪੰਜਾਬ ਤੋਂ ਵਖਰੇ ਕੀਤੇ ਜਾਣ ਵਾਲੇ ਇਲਾਕੇ ਵਿਚ ਮੁਸਲਮਾਨਾਂ ਨੂੰ ਵੀ ਇਹ ਹਕ ਉਸੇ ਹਿਸਾਬ ਨਾਲ ਸਿਖਾਂ ਤੇ ਹਿੰਦੂਆਂ ਨੂੰ ਵੀ ਦੇਣੇ ਪੈਣਗੇ ਤੇ ਅਧਾ ਪੰਜਾਬ ਪਾਕਿਸਤਾਨ ਵਿਚ ਨਹੀਂ ਜਾਵੇਗਾ ਜਿਸ ਵਿਚ ਸਿਖਾਂ ਦੀ ਹੁਣ ਨਾਲੋਂ ਵਧੇਰੇ ਤਾਕਤ ਹੋਵੇਗੀ। ਮੌਜੂਦਾ ਪੰਜਾਬ ਵਿਚ ਕਈ ਕੁ ਆਰਥਕ ਕਾਰਨਾਂ ਕਰਕੇ ਹਿੰਦੂ ਮੈਂਬਰਾਂ ਦਾ ਆਪਸ ਵਿਚ ਇਤਫਾਕ ਨਹੀਂ ਹੋ ਰਿਹਾ। ਪਰੰਤੂ ਫਿਰ ਉਸ ਸੂਬੇ ਦੇ ਚੂੰਕਿ ਹਿੰਦੂਆਂ ਅਤੇ ਸਿਖਾਂ ਦੋਹਾਂ ਦੇ ਹੀ ਆਰਥਕ ਤੇ ਫਿਰਕਾਦਾਰਾਨਾ ਲਾਭ ਤਕਰੀਬਨ ਇਕੋ ਜਹੇ ਹੀ ਹੋਣੇ ਹਨ ਜਿਸ ਕਰਕੇ ਇਹ ਆਸਾਨੀ ਨਾਲ ਹੀ ਸਾਰੇ ਮਿਲਕੇ ਆਪਣੀ ਹਕਾਂ ਦੀ ਚੰਗੀ ਤਰਾਂ ਰਖਿਆ ਕਰ ਸਕਣਗੇ। ਇਨ੍ਹਾਂ ਸਾਰੇ ਹਾਲਾਤ ਨੂੰ ਚੰਗੀ ਤਰਾਂ ਵਿਚਾਰਨ ਤੋਂ ਆਪ ਨੂੰ ਪਤਾ ਲਗ ਜਾਵੇਗਾ ਕਿ ਪੰਜਾਬ ਤੋਂ ਵਖ ਕੀਤੇ ਜਾਣ ਵਾਲੇ ਸੂਬੇ ਦੇ ਹਿੰਦੂ ਤੇ ਸਿਖਾਂ ਦੀ ਪੋਜ਼ੀਸ਼ਨ ਵੀ ਹੁਣ ਨਾਲੋਂ ਕਿਸੇਤਰਾਂ ਨਹੀਂ ਘਟੇਗੀ।

ਮੈਂ ਆਪਣੇ ਸਿਖ ਭਰਾਵਾਂ ਪਾਸ ਇਥੇ ਇਹ ਅਪੀਲ ਕਰਨੀ ਵੀ ਜ਼ਰੂਰੀ ਸਮਝਦਾ ਹਾਂ ਕਿ ਇਹ ਸਮਾਂ ਆਪਸ ਵਿਚਲੇ ਭਿੰਨ ਭੇਦ ਮਿਟਾਕੇ ਇਕਠੇ ਮਿਲ ਬੈਠਣ ਦਾ ਹੈ। ਜੇ ਕੋਈ ਕਿਸੇ ਤਰਾਂ ਦੀ ਦਿਲ

Digitized by Panjab Digital Library | www.panjabdigilib.org

ਵਿਚ ਰੰਜਸ਼ ਵੀ ਹੈ, ਤਾਂ ਉਹ ਹਾਲਾਂ ਲਾਂਭੇ ਰਖਕੇ ਕੌਮ ਦੇ ਸਾਂਝੇ ਭਲੇ ਲਈ ਇਕ ਮੁਠ ਹੋ ਜਾਵੇ। ਹੁਣ ਥੋੜੀ ਜਿਤਨੀ ਹਿੰਮਤ ਵੀ ਸਾਡੀ ਕੌਮ ਲਈ ਕਾਫ਼ੀ ਲਾਭਦਾਇਕ ਹੋ ਸਕੇਗੀ । ਬਾਦ ਵਿਚ ਸ਼ਾਇਦ ਅਸੀਂ ਇਤਨਾ ਕੁਝ ਨ ਕਰ ਸਕੀਏ ਜਿਤਨਾ ਕਿ ਹੁਣ ਹੋ ਸਕਦਾ ਹੈ।

ਇਨ੍ਹਾਂ ਹੀ ਅਖਰਾਂ ਨਾਲ ਮੈਂ ਆਪਣੇ ਐਡ੍ਰੈਸ ਨੂੰ ਖ਼ਤਮ ਕਰਦਾ ਹੋਇਆ ਆਪ ਜੀ ਦਾ ਤੇ ਪ੍ਰਧਾਨ ਸਾਹਿਬ ਦਾ ਇਥੇ ਦਰਸ਼ਨ ਦੇਣ ਕਰਕੇ ਮੁੜ ਧੰਨਵਾਦ ਕਹਿਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ॥

B-1075

Digitized by Panjab Digital Library | www.panjabdigilib.org

ਕਰਤਾਰ ਪ੍ਰੈਸ, (ਮਲਵਈ ਬੁੰਗਾ) ਅਮ੍ਰਿਤਸਰ ਵਿਚ ਸ੍ਰ: ਜਗਜੀਤ ਸਿੰਘ
ਪ੍ਰਿੰਟਰ ਦੇ ਯਤਨ ਨਾਲ ਛਪਿਆ ।

Digitized by Panjab Digital Library | www.panjabdigilib.org